# ਹੇਮੋਡਾਇਲਿਸਸ ਅਤੇ ਸਫਰ

## Hemodialysis and Travelling

BCRenal
Provincial Health Services Authority

▸ **ਬ੍ਰਿਟਿਸ਼ ਕੋਲੰਬੀਆ ਵਿਚ ਰਹਿੰਦੇ ਮਰੀਜ਼ਾਂ** ਲਈ ਜੋ (ਬੀ.ਸੀ. ਵਿਚ ਜਾਂ ਬਾਹਰ) ਸਫਰ ਕਰਨਾ ਚਾਹੁੰਦੇ ਹਨ

ਜੇਕਰ ਤੁਸੀਂ ਡਾਇਲਿਸਸ ਕਰਵਾ ਰਹੇ ਹੋ ਤਾਂ ਵੀ ਤੁਸੀ ਸਫਰ ਕਰ ਸਕਦੇ ਹੋ। ਤੁਹਾਦੇ ਲਈ ਇਹ ਚੈਕਲਿਸਟ ਅਪਣਾ ਡਾਇਲਿਸਸ ਪਲੈਨ ਕਰਨ ਵਿਚ ਸਹਾਇਕ ਹੋਵੇਗੀ। ਜਦੋਂ ਤੁਸੀ ਆਪਣਾ ਡਾਇਲਿਸਸ ਦਾ ਪ੍ਰਬੰਧ ਕਰਨ ਲਈ ਯੂਨਿਟ ਨਿਰਧਾਰਿਤ ਕਰ ਲਈ ਹੋਵੇਗੀ ਤਾਂ ਤੁਹਾਡੀ ਬੀ.ਸੀ ਦੀ ਹੇਮੋਡਾਇਲਿਸਸ ਯੂਨਿਟ ਦੂਸਰੀ ਯੂਨਿਟ ਨਾਲ ਤੁਹਾਡੇ ਇਲਾਜ ਬਾਰੇ ਰਾਬਤਾ ਰੱਖੇਗੀ।

**ਆਪਣੇ ਸਫਰ ਦਾ ਪਲੈਨ ਪਹਿਲਾਂ ਬਣਾ ਕੇ ਰੱਖੋ।** ਆਪਣੀ ਚੁਣੀ ਹੋਈ ਯੂਨਿਟ ਨੂੰ ਆਪਣੇ ਸਫਰ ਬਾਰੇ 3 ਮਹੀਨੇ ਪਹਿਲਾਂ ਦਸੋ। **ਆਪਣੀ ਜਾਣ ਵਾਲੀ ਯੂਨਿਟ ਦੀ ਹਾਂ ਕਰਨ ਤੋਂ ਬਾਅਦ ਹੀ ਆਪਣੇ ਸਫਰ ਦਾ ਪਲੈਨ ਕਰੋ।**

ਇਹਨਾਂ ਚੀਜ਼ਾਂ ਦਾ ਧਿਆਨ ਰੱਖੋ:

| | |
|---|---|
| ☐ | 1. ਆਪਣੇ ਕਿਡਨੀ ਡਾਕਟਰ ਤੋਂ ਸਲਾਹ ਲਵੋ ਕਿ ਤੁਸੀ ਸਫਰ ਕਰਨ ਲਈ ਠੀਕ ਹੋ। ਇਸ ਦਾ ਮਤਲਬ ਹੈ ਕਿ ਤੁਸੀ:<br>• ਤੁਸੀਂ ਹੇਮੋਡਾਇਲਿਸਸ ਤੇ ਠੀਕ ਹੋ<br>• ਤੁਹਾਡਾ ਫਿਸੁਲਾ, ਗ੍ਰਾਫਟ ਜਾਂ ਪਰਮਾਨੈਂਟ ਸੈਂਟਰ ਲਾਈਨ ਕਾਥੇਟਰ ਠੀਕ ਤਰਾਂ ਕੰਮ ਕਰ ਕਰ ਰਿਹਾ ਹੈ। ਆਰਜ਼ੀ ਪ੍ਰਬੰਧ ਪਰਵਾਨ ਨਹੀਂ ਕੀਤੇ ਜਾਣਗੇ<br>• ਤੁਹਾਡੀਆਂ ਸਿਹਤ ਅਤੇ ਡਾਇਲਿਸਸ ਸਬੰਧੀ ਜ਼ਰੂਰਤਾਂ ਜਾਣ ਵਾਲੀ ਡਾਇਲਿਸਸ ਯੂਨਿਟ ਵਲੋਂ ਪੂਰੀਆਂ ਹੋਣਗੀਆਂ |
| ☐ | 2. ਜਦੋਂ ਤੁਸੀਂ ਆਪਣਾ ਸਫਰ ਪਲੈਨ ਬਣਾ ਲਵੋਂਗੇ ਤਾਂ ਆਪਣੀ ਨੇੜਲੀ ਡਾਇਲਿਸਸ ਯੂਨਿਟ ਲਭੋ। ਹੇਠਲੀਆਂ ਵੈਬਸਾਈਟਾਂ ਨੇੜਲੀ ਯੂਨਿਟ ਲਭਣ ਵਿਚ ਸਹਾਇਕ ਹੋ ਸਕਦੀਆ ਹਨ:<br>**ਬੀ.ਸੀ ਵਿਚ ਸਫਰ ਕਰਨ ਲਈ:**<br>• ਬੀ.ਸੀ ਵਿਚ ਡਾਇਲਿਸਸ ਯੂਨਿਟ ਲਭਣ ਲਈ ਦੇਖੋ bcrenalagency.ca • Kidney Services<br>• ਹਰ ਸੈਂਟਰ ਵਿਚ ਕਿਸੇ ਨਾਲ ਸੰਪਰਕ ਕਰਨ ਲਈ ਦੇਖੋ www.bcrenalagency.ca/resource-gallery/Documents/BC%20Travel%20and%20Dialysis%20Contact%20List%20-%20FINAL.pdf<br>**ਬੀ.ਸੀ ਤੋਂ ਬਾਹਰ ਸਫਰ ਕਰਨ ਲਈ:**<br>• (ਕੈਨੇਡਾ ਵਿਚ) www.cihi.ca/en/canadian-dialysis-centres-accepting-visitors<br>• (ਕੈਨੇਡਾ ਤੋਂ ਬਾਹਰ) www.globaldialysis.com<br>• (ਕਰੂਜ਼ਾਂ ਅਤੇ ਰਿਜ਼ੋਰਟਾਂ ਵਿਚ ਹੇਮੋਡਾਇਲਿਸਸ ਦੇ ਮਰੀਜ਼ਾਂ ਦੀ ਮਦਦ ਲਈ ਸਥਪਿਤ ਯੂਨਿਟਾਂ) https://www.kidney.ca/document.doc?id=359<br>• ਇਹ ਸਭ ਪ੍ਰਬੰਧ ਮਰੀਜ਼ ਜਾਂ ਉਸਦਾ ਪਰਿਵਾਰ ਖੁਦ ਕਰ ਸਕਦੇ ਹਨ। ਹੋਰ ਜਾਣਕਾਰੀ ਲਈ ਆਪਣੇ ਸੋਸ਼ਲ ਵਰਕਰ ਨਾਲ ਸੰਪਰਕ ਕਰੋ। |

continued...

BC Children's Hospital · fraserhealth · Interior Health · island health · northern health · Providence Health Care · Vancouver Coastal Health

| | |
|---|---|
| ☐ | 3. ਆਪਣੇ ਚੁਣੇ ਹੋਏ ਡਾਇਲਿਸਸ ਯੂਨਿਟ ਨਾਲ ਸੰਪਰਕ ਕਰੋ ਆਪਣੇ ਸਫਰ ਮੁਤਾਬਿਕ ਸੇਵਾਵਾਂ ਲੈਣ ਲਈ ਆਪਣੇ **ਡਾਇਲਿਸਸ ਯੂਨਿਟ ਦੀ ਪਰਵਾਨਗੀ ਤੋਂ ਬਿਨਾਂ ਆਪਣਾ ਸਫਰ ਪਲੈਨ ਨਾ ਕਰੋ।** ਬੀ.ਸੀ ਦੀ ਯੂਨਿਟ ਦੇ ਕੋਲ ਤੁਹਾਡੇ ਸਫਰ ਦੌਰਾਨ ਸੇਵਾਵਾਂ ਅਤੇ ਡਾਇਇਲਿਸਸ ਦੀਆਂ ਲੋੜਾਂ ਜਾਂ ਜ਼ਰੂਰਤਾਂ ਪੂਰੀਆਂ ਕਰਨ ਦੀ ਯਕੀਨੀ ਸਮਰਥਾ ਹੋਣੀ ਚਾਹੀਦੀ ਹੈ। ਸਫਰ ਤੋਂ ਪਹਿਲਾਂ ਟਰੈਵਲ ਇੰਸ਼ੋਰੈਂਸ ਜ਼ਰੂਰ ਲੈ ਲੈਣੀ ਚਾਹੀਦੀ ਹੈ।(#12 ਪੋਇੰਟ ਵੇਖੋ) |
| ☐ | 4. ਡਾਇਲਿਸਸ, ਹੋਰ ਮੈਡੀਕਲ ਅਪੋਇੰਟਮੈਂਟਾਂ, ਟੈਸਟਾਂ ਅਤੇ ਇਲਾਜ ਦੀ ਕੀਮਤ ਪਤਾ ਕਰੋ।<br><br>ਕੈਨੇਡਾ ਵਿਚ ਸਫਰ ਲਈ (ਕੂਬੈਕ ਨੂੰ ਛੱਡ ਕੇ)<br>• ਕੀਮਤਾਂ ਦੀ ਕਵਰੇਜ਼ ਹਲਕਿਆਂ ਦੇ ਪ੍ਰਬੰਧ ਨਾਲ ਹੋ ਸਕਦੀ ਹੈ।<br>• ਕੂਬੈਕ ਇਹਨਾਂ ਪ੍ਰਬੰਧਾਂ ਵਿਚ ਸ਼ਾਮਿਲ ਨਹੀਂ ਹੈ।<br><br>ਬੀ.ਸੀ ਤੋਂ ਬਾਹਰ ਸਫਰ ਕਰਨ ਲਈ:<br>• ਆਪਣੇ ਜਾਣ ਵਾਲੀ ਡਾਇਲਿਸਸ ਯੂਨਿਟ ਨੂੰ ਡਾਇਲਿਸਸ, ਮੈਡੀਕਲ ਅਪੋਇੰਟਮੈਂਟ ਅਤੇ ਇਲਾਜ ਦੀ ਕੀਮਤ ਤੁਹਾਨੂੰ ਆਪ ਪਹਿਲਾਂ ਭਰਨੀ ਪਵੇਗੀ। ਕੀਮਤਾਂ/ਫੀਸਾਂ ਦੀ ਜਾਣਕਾਰੀ ਪਹਿਲਾਂ ਤੋਂ ਪਤਾ ਕਰਕੇ ਰੱਖੋ ਕਿਉਂਕਿ ਹਰ ਜਗਾਹ ਇਹ ਕੀਮਤਾਂ ਵੱਖ-ਵੱਖ ਹੋ ਸਕਦੀਆਂ ਹਨ।<br>• ਆਪਣੀਆਂ ਮੈਡੀਕਲ ਰਸੀਦਾਂ ਤਰੀਕ ਅਨੁਸਾਰ ਸੰਭਾਲ ਕੇ ਰੱਖੋ। ਵਾਪਸੀ ਤੇ ਹੈਲਥ ਇੰਸ਼ੋਰੈਂਸ ਬੀ.ਸੀ ਨੂੰ ਖਰਚੇ ਦੀ ਕਵਰੇਜ ਲਈ ਇਹ ਰਸੀਦਾਂ ਦਿਓ ਅਤੇ ਰਿਕਾਰਡ ਲਈ ਇਕ ਕਾਪੀ ਰੱਖੋ।<br>• ਹੈਲਥ ਇੰਸ਼ੋਰੈਂਸ ਬੀ ਸੀ, ਬੀ.ਸੀ ਵਿਚ ਡਾਇਲਿਸਸ ਦੇ ਖਰਚੇ ਤੋਂ ਇਲਾਵਾ ਹੋਰ ਕੋਈ ਖਰਚਾ ਨਹੀਂ ਭਰੇਗੀ। ਡਾਇਲਿਸਸ ਦੀ ਬੀ.ਸੀ. ਵਿਚ ਕੀਮਤ ਬਾਰੇ ਫੋਨ ਨੰਬਰ 604-683-7151 ਜਾਂ 1-800-633-7100 ਤੇ ਪਤਾ ਕਰੋ। ਜੇਕਰ ਤੁਹਾਡੇ ਜਾਣ ਵਾਲੀ ਯੂਨਿਟ ਦੇ ਰੇਟ ਬੀ.ਸੀ. ਵਿਚ ਡਾਇਲਿਸਸ ਤੋਂ ਜ਼ਿਆਦਾ ਹਨ ਤਾਂ ਬਾਕੀ ਦੀ ਕੀਮਤ ਤੁਹਾਨੂੰ ਭਰਨੀ ਪਏਗੀ। ਡਾਕਟਰ ਦੀ ਫੀਸ ਹੈਲਥ ਇੰਸ਼ੋਰੈਂਸ ਬੀ.ਸੀ. ਇਕ ਸੀਮਾ ਤੱਕ ਹੀ ਭਰੇਗੀ।<br>• ਹੋਰ ਜਾਣਕਾਰੀ ਲਈ "Leaving BC" ਹੈਲਥ ਇੰਸ਼ੋਰੈਂਸ ਬੀ.ਸੀ ਦੀ ਵੈਬਸਾਈਟ ਤੇ ਪੜੋ: www2.gov.bc.ca/assets/gov/health/health-drug-coverage/medical-services-plan/leavingbc_brochure_web.pdf । ਤੁਸੀ ਇਹਨਾਂ ਨੂੰ ਫੋਨ ਵੀ ਕਰ ਸਕਦੇ ਹੋ 604-683-7151 ਜਾਂ ਲੋਅਰ ਮੇਨਲੈਂਡ ਤੋਂ ਬਾਹਰ ਲਈ: 1-800-663-7100<br><br>ਜੇਕਰ ਡਾਇਲਿਸਸ ਦਾ ਖਰਚਾ ਪੂਰਾ ਕਰਨ ਵਿਚ ਮੁਸ਼ਕਿਲ ਹੋਏ ਤਾਂ ਆਪਣੇ ਸੋਸ਼ਲ ਵਰਕਰ ਨਾਲ ਗਲ ਕਰੋ। ਕਿਡਨੀ ਫਾਉਂਡੇਸ਼ਨ ਆਫ ਕੈਨੇਡਾ ਅਤੇ ਯੂਕੋਨ ਬ੍ਰਾਂਚ ਕੋਲ ਇਕ $1000 ਤੱਕ ਦੇ ਆਰਜ਼ੀ ਲੋਨ ਦੀ ਸਹੂਲਤ ਉਪਲਬਧ ਹੈ । ਤੁਸੀ ਇਸ ਲੋਨ ਦੀ ਭੁਗਤਾਈ ਇਸ ਫਾਉਂਡੇਸ਼ਨ ਨੂੰ ਪੋਸਟ ਡੇਟ ਚੈਕ ਨਾਲ ਕਰ ਸਕਦੇ ਹੋ ਪਰ ਇਹ ਲੋਨ ਆਪਣੀ ਵਾਪਸੀ ਦੇ 4 ਮਹੀਨਿਆਂ ਤੋਂ ਪਹਿਲਾਂ ਭਰਨਾ ਪੈਂਦਾ ਹੈ। ਜੇਕਰ ਤੁਸੀਂ ਸਾਲ ਵਿਚ ਇਕ ਤੋਂ ਜ਼ਿਆਦਾ ਵਾਰ ਸਫਰ ਕਰ ਰਹੇ ਤੋ ਤਾਂ ਤੁਹਾਨੂੰ $1000 ਦੇ ਵੱਖ ਵੱਖ ਲੋਨ ਮਿਲ ਸਕਦੇ ਹਨ। ਇਹ ਸਹੂਲਤ ਪ੍ਰਾਪਤ ਕਰਨ ਲਈ ਤੁਹਾਨੂੰ ਪਹਿਲਾਂ ਲਿਆ ਲੋਨ ਵਾਪਸ ਭਰਨਾ ਪੈਂਦਾ ਹੈ। |
| ☐ | 5. ਤੁਹਾਡੇ ਆਪਣੇ ਜਾਣ ਵਾਲੀ ਯੂਨਿਟ ਨਾਲ ਸੰਪਰਕ ਕਰਨ ਉਪਰੰਤ ਉਹਨਾਂ ਦਾ ਸਟਾਫ ਤੁਹਾਡੇ ਮੈਡੀਕਲ ਰਿਕਾਰਡ ਮੰਗਣਗੇ। ਜੇਕਰ ਜ਼ਰੂਰਤ ਪਈ ਤਾਂ ਤੁਹਾਡੀ ਹੋਮ ਯੂਨਿਟ ਹੋਰ ਟੈਸਟਾਂ ਦਾ ਪ੍ਰਬੰਧ ਕਰੇਗੀ। |

continued...

| | |
|---|---|
| ☐ | 6. ਤੁਹਾਡੀ ਜਾਣ ਵਾਲੀ ਯੂਨਿਟ ਤੁਹਾਡੇ ਮੈਡੀਕਲ ਰਿਕਾਰਡ ਦੀ ਜਾਂਚ ਤੋਂ ਬਾਅਦ ਤੁਹਾਨੂੰ ਤੁਹਾਡੀਆਂ ਮੈਡੀਕਲ ਅਤੇ ਡਾਇਲਿਸਸ ਜ਼ਰੂਰਤਾਂ ਦੀ ਪੂਰਤੀ ਕਰ ਸਕਣ ਬਾਰੇ ਤੇ ਜਗਾ ਦੀ ਉਪਲਭਧੀ ਬਾਰੇ ਜਾਣਕਾਰੀ ਦੇਣਗੇ। **ਉਹਨਾਂ ਦੀ ਸਲਾਹ ਤੋਂ ਬਾਅਦ ਹੀ ਤੁਸੀਂ ਆਪਣੇ ਸਫਰ ਦੀਆਂ ਤਰੀਕਾਂ ਪਲੈਨ ਕਰ ਸਕਦੇ ਹੋ।** |
| ☐ | 7. ਆਪਣੇ ਸਫਰ ਦੀਆਂ ਤਰੀਕਾਂ ਨਰਸ-ਇਨ-ਚਾਰਜ ਅਤੇ ਆਪਣੇ ਸੋਸ਼ਲ ਵਰਕਰ ਨੂੰ ਦਿਓ। ਤੁਹਾਡੀ ਹੋਮ ਯੂਨਿਟ ਅਤੇ ਬੀ.ਸੀ ਯੂਨਿਟ ਤੁਹਾਡੇ ਡਾਇਲਿਸਸ ਦੀ ਆਖਰੀ ਤਰੀਕ ਤੁਹਾਡੇ ਸਫਰ ਤੋਂ ਪਹਿਲਾਂ ਅਤੇ ਵਾਪਸੀ ਦੀ ਤਰੀਕ ਨਿਯੁਕਤ ਕਰਨਗੇ। |
| ☐ | 8. ਅਪਣੀ ਫਾਰਮੇਸੀ ਨਾਲ ਗਲ ਕਰੋ ਤੇ ਪੱਕਾ ਕਰੋ ਕਿ ਤੁਹਾਡੇ ਸਫਰ ਸਮੇਂ ਦਵਾਈਆਂ ਕਾਫੀ ਹਨ।<br>ਜੇ ਤੁਸੀਂ ਬੀ ਸੀ ਨਿਵਾਸੀ ਹੋ ਤੇ **ਬੀ ਸੀ ਵਿਚ ਹੀ ਸਫਰ ਕਰ ਰਹੇਂ ਹੋਂ**:<br>◆ ਜੋ ਦਵਾਈਆਂ ਤੁਸੀਂ ਲੈਂਦੇ ਹੋ ਉਹ ਨਾਲ ਰੱਖੋ । ਨੋਟ ਕਰੋ:<br>– ਬਹੁਤੀ ਟੀਕੇ ਨਾਲ ਦੇਣ ਵਾਲੀਆਂ ਦਵਾਈਆਂ ਤੇ ਨਾੜਾਂ ਵਿਚ ਲਾਉਣ ਵਾਲੀਆਂ ਬਹੁਤੀਆਂ ਦਵਾਈਆਂ ਜਾਣ ਵਾਲੀ ਯੂਨਿਟ ਵਲੋਂ ਦਿੱਤੀਆਂ ਜਾਣਗੀਆਂ। ਜਾਣ ਵਾਲੀ ਯੂਨਿਟ ਨਾਲ ਪਹਿਲਾਂ ਗਲ ਕਰ ਲਵੋ ।<br>– ਜੇ ਤੁਸੀਂ ਘਟ ਮਾਲੀਕਿਊਲਰ ਭਾਰ ਵਾਲੀ ਹੈਪਾਰਿਨ ਵਰਤਦੇ ਹੋ ਤਾਂ ਜਾਣ ਵਾਲੀ ਯੂਨਿਟ ਨਾਲ ਗਲ ਕਰੋ ਕਿ ਕੀ ਤੁਹਾਨੂੰ ਅਪਣੀ ਲਿਆਉਣ ਦੀ ਜ਼ਰੂਰਤ ਹੈ।<br>– ਜੇ ਤੁਸੀਂ ਐਮਲਾ ਜਾਂ ਹੋਰ ਕਰੀਮ ਸੂਈ ਲਗਾਉਣ ਤੋਂ ਪਹਿਲਾਂ ਚਮੜੀ ਨੂੰ ਸੁੰਨ ਕਰਨ ਲਈ ਵਰਤਦੇ ਹੋ ਤਾਂ ਇਹ ਅਪਣੇ ਨਾਲ ਲਿਆਓ। ਜੇ ਤੁਸੀਂ ਲਿਡੋਕੇਨ ਜਾਂ ਹੋਰ ਕੋਈ ਸੁੰਨ ਕਰਨ ਵਾਲੀ ਦਵਾਈ ਚਮੜੀ ਤੇ ਇੰਜੈਕਸ਼ਨ ਨਾਲ ਲਗਾਉਂਦੇ ਹੋ ਤਾਂ ਜਾਣ ਵਾਲੀ ਯੂਨਿਟ ਨਾਲ ਚੈਕ ਕਰ ਲਓ ਕਿ ਤੁਹਾਨੂੰ ਅਪਣੇ ਵਲੋਂ ਲਿਆਉਣ ਦੀ ਜ਼ਰੂਰਤ ਹੈ।<br>◆ ਜੇ ਤੁਸੀਂ ਬੀ ਸੀ ਨਿਵਾਸੀ ਹੋ ਤੇ **ਬੀ ਸੀ ਤੋਂ ਬਾਹਰ ਸਫਰ ਕਰ ਰਹੇ ਹੋਂ**:<br>– ਅਪਣੀਆਂ ਲੋੜੀਂਦੀਆਂ ਸਾਰੀਆਂ ਦਵਾਈਆਂ ਨਾਲ ਰੱਖੋ।ਇਸ ਵਿਚ ਟੀਕੇ ਰਾਹੀਂ ਦੇਣ ਵਾਲੀਆਂ ਦਵਾਈਆਂ ਤੇ ਨਾੜਾਂ ਵਿਚ ਲਗਾਉਣ ਵਾਲੀਆਂ ਦਵਾਈਆਂ ਜਿਵੇਂ ਐਰੀਥਰੋਪੋਇਟਿਨ (ਈ.ਪੀ.ਓ) ਤੇ ਡਾਰਬੀਪੋਇਟਿਨ (ਐਰਾਨੇਸਪ), ਆਇਰਨ ਤੇ ਘਟ ਮਾਲੀਕਿਊਲਰ ਭਾਰ ਵਾਲੀ ਹੈਪਾਰਿਨ ਹਨ।<br>– ਐਰੀਥਰੋਪੋਇਸਸ ਤੇਜ਼ ਕਰਨ ਵਾਲੇ ਏਜੰਟ ਵੀ ਠੰਡੇ ਰਖਣੇ ਚਾਹੀਦੇ ਹਨ ( 2-8 ਡਿਗਰੀ ਸੈਲਸੀਅਸ)। ਅਪਣੀ ਯੂਨਿਟ ਨਾਲ ਗਲ ਕਰੋ ਕਿ ਦਵਾਈਆਂ ਨੂੰ ਵਧੀਆ ਤਰੀਕੇ ਨਾਲ ਸਹੀ ਤਾਪ ਤੇ ਕਿਵੇਂ ਰੱਖ ਸਕਦੇ ਹਾਂ।<br>– ਜੇ ਤੁਸੀਂ ਐਮਲਾ ਜਾਂ ਹੋਰ ਕਰੀਮ ਸੂਈ ਲਗਾਉਣ ਤੋਂ ਪਹਿਲਾਂ ਚਮੜੀ ਨੂੰ ਸੁੰਨ ਕਰਨ ਲਈ ਵਰਤਦੇ ਹੋ ਤਾਂ ਇਹ ਅਪਣੇ ਨਾਲ ਲਿਆਓ। ਜੇ ਤੁਸੀਂ ਲਿਡੋਕੇਨ ਕਾਂ ਹੋਰ ਕੋਈ ਸੁੰਨ ਕਰਨ ਵਾਲੀ ਦਵਾਈ ਚਮੜੀ ਤੇ ਇੰਜੈਕਸ਼ਨ ਨਾਲ ਲਗਾਉਂਦੇ ਹੋ ਤਾਂ ਜਾਣ ਵਾਲੀ ਯੂਨਿਟ ਨਾਲ ਚੈਕ ਕਰ ਲਓ ਕਿ ਤੁਹਾਨੂੰ ਅਪਣੇ ਵਲੋਂ ਲਿਆਉਣ ਦੀ ਜ਼ਰੂਰਤ ਹੈ।<br>– ਅਪਣੀ ਹੋਮ ਯੂਨਿਟ ਨੂੰ ਇਕ ਚਿੱਠੀ ਦੇਣ ਲਈ ਕਹੋ ਜਿਸ ਨਾਲ ਤੁਸੀਂ ਸਰਿੰਜਾਂ ਤੇ ਹੋਰ ਦਵਾਈਆਂ ਨਾਲ ਸਕਿਓਰਿਟੀ ਵਿਚੋਂ ਲੰਘ ਸਕੋਂ। ਇਕ ਆਮ ਚਿੱਠੀ ਦਾ ਨਮੂਨਾ ਇਸ ਵੈਬਸਾਈਟ bcrenalagency.ca • Health Info • Managing My Carre • Travelling HD Patients ਤੇ ਹੈ ਤੇ ਇਹ ਅਪਣੇ ਕਿਡਨੀ ਡਾਕਟਰ ਨੂੰ ਦਸਤਖਤ ਕਰਨ ਲਈ ਦਿਓ। |
| ☐ | 9. ਜੇਕਰ ਤੁਹਾਡੀਆਂ ਕੁਝ ਵਿਸ਼ੇਸ਼ ਜ਼ਰੂਰਤਾਂ ਹਨ ਜਿਵੇਂ ਕਿ ਡਾਇਲਿਸਸ ਪ੍ਰੋਡੱਕਟਾਂ ਤੋਂ ਐਲਰਜੀ ਜਾਂ ਜਾਣ ਵਾਲੀ ਯੂਨਿਟ ਨਾਲ ਚੈਕ ਕਰੋ ਕਿ ਕੀ ਤੁਹਾਨੂੰ ਆਪਣੀਆਂ ਲਿਆਂਉਣ ਦੀ ਜ਼ਰੂਰਤ ਹੈ ਜਿਵੇਂ ਕਿ:<br>◆ ਡਾਏਲਜ਼ਰ (ਇਲਾਜ ਲਈ ਅਤੇ ਕੁਝ ਵਾਧੂ)<br>◆ ਡਾਇਲਿਸਸ ਸੂਈਆਂ (ਇਲਾਜ ਲਈ ਅਤੇ ਕੁਝ ਵਾਧੂ) |

continued...

| | |
|---|---|
| ☐ | 10. ਜੇ ਤੁਸੀਂ ਪਰਾਇਮਰੀ ਡਾਇਲਿਸਸ ਕੇਂਦਰ ਤੇ ਬੋਲੀ ਜਾਣ ਵਾਲੀ ਬੋਲੀ ਨਹੀਂ ਬੋਲਦੇ ਤਾਂ ਇਕ ਦੋ ਵਾਰ ਇਹ ਬੋਲੀ ਬੋਲਣ ਵਾਲਾ ਵਿਅਕਤੀ ਨਾਲ ਲਿਆਓ। |
| ☐ | 11. ਕਿਰਪਾ ਕਰਕੇ ਬਦਲਾਓ ਲਈ ਤਿਆਰ ਰਹੋ। **ਜਾਣ ਵਾਲੀ ਡਾਇਲਿਸਸ ਯੂਨਿਟ ਤੁਹਾਡੀ ਬੇਨਤੀ ਪੂਰੀ ਕਰਨ ਦੀ ਹਰ ਕੋਸ਼ਿਸ਼ ਕਰੇਗੀ** ਪਰ ਉਹਨਾਂ ਨੂੰ ਤੁਹਾਡੇ ਇਲਾਜ ਲਈ ਸਮਾਂ ਜਾਂ ਸਥਾਨ ਬਦਲਣ ਦੀ ਲੋੜ ਹੋ ਸਕਦੀ ਹੈ। ਉਹਨਾਂ ਨੂੰ ਕਈ ਮਰੀਜ਼ਾਂ ਦੀਆਂ ਜ਼ਰੂਰਤਾਂ ਦਾ ਖਿਆਲ ਰੱਖਣਾ ਪੈਂਦਾ ਹੈ। ਜੇ ਕੋਈ ਬਦਲ ਦੀ ਜ਼ਰੂਰਤ ਹੈ ਤਾਂ ਉਹ ਤੁਹਾਨੂੰ ਇਸ ਬਾਰੇ ਪਹਿਲਾਂ ਸੂਚਨਾ ਦੇਣਗੇ |
| ☐ | 12. ਤੁਹਾਨੂੰ ਟਰੈਵਲ ਇੰਸ਼ੋਰੈਂਸ ਲੈਣ ਦੀ ਸਲਾਹ ਦਿਤੀ ਜਾਂਦੀ ਹੈ। ਯਕੀਨੀ ਬਣਾਓ ਕਿ ਇਸ ਵਿਚ ਡਾਕਟਰੀ ਇਲਾਜ ਸ਼ਾਮਲ ਹੈ। ਜੇ ਮੈਡੀਕਲ ਐਮਰਜੈਂਸੀ ਹੁੰਦੀ ਹੈ ਤੇ ਬੀ.ਸੀ. ਤੋਂ ਬਾਹਰ ਸਿਹਤ ਸੇਵਾਵਾਂ ਦੀ ਜ਼ਰੂਰਤ ਪੈਂਦੀ ਹੈ ਤਾਂ ਖਰਚਾ ਬਹੁਤ ਹੋ ਸਕਦਾ ਹੈ। |
| ☐ | 13. ਜੇ ਤੁਸੀਂ ਬੀ.ਸੀ. ਤੋਂ ਬਾਹਰ ਯਾਤਰਾ ਕਰ ਰਹੇ ਹੋ ਤਾਂ ਖਰਚੇ ਦੀ ਵਾਪਸੀ ਬਾਰੇ ਕੁਝ ਜ਼ਰੂਰੀ ਮੁੱਦੇ ਇਹ ਹਨ:<br>• ਹਰ ਡਾਇਲਿਸਸ ਤੋਂ 90 ਦਿਨ ਦੇ ਅੰਦਰ ਅੰਦਰ ਖਰਚੇ ਦੀ ਮੰਗ ਕਰ ਸਕਦੇ ਹੋ। ਜੇ ਮੈਡੀਕਲ ਖਰਚੇ ਦੀ ਰਸੀਦ 90 ਦਿਨਾਂ ਤੋਂ ਵਧ ਪੁਰਾਣੀ ਹੈ ਤਾਂ ਐਚ ਆਈ ਬੀ ਸੀ ਇਹ ਪੈਸੈ ਨਹੀਂ ਦੇਵੇਗੀ।<br>• ਜੇ ਤੁਸੀਂ ਤਿਨ ਮਹੀਨੇ ਤੋਂ ਵਧ ਸਮਾਂ ਬਾਹਰ ਰਹਿਣਾ ਹੈ ਤਾਂ ਕਿਸੇ ਪਰਿਵਾਰਕ ਮੈਂਬਰ ਨੂੰ ਜ਼ਿਮੇਵਾਰੀ ਦਿਓ ਕਿ ਉਹ ਐਚ ਆਈ ਬੀ ਸੀ ਨੂੰ ਹਰ ਤਿਨੀਂ ਮਹੀਨੀਂ ਰਸੀਦਾਂ ਭੇਜੇ । ਇਸ ਨਾਲ ਤੁਸੀਂ ਹੈਲਥ ਇੰਸ਼ੋਰੈਂਸ ਬੀ.ਸੀ. ਦੀ 90 ਦਿਨਾਂ ਵਾਲੀ ਸ਼ਰਤ ਨੂੰ ਪੂਰਾ ਕਰ ਸਕੋਂਗੇ। ਇਹ ਖਰਚਾ ਵਾਪਸੀ ਵਾਲਾ ਫਾਰਮ ਆਨਲਾਈਨ www.health.gov.bc.ca/exforms/msp/2814fil.pdf<br>• ਤੁਹਾਡੇ ਡਾਇਲਿਸਸ ਦੇ ਖਰਚੇ ਵਾਪਸ ਲੈਣ ਵਿਚ ਘਟੋ ਘਟ 2-3 ਮਹੀਨੇ ਲਗ ਸਕਦੇ ਹਨ। ਇਸ ਖਰਚੇ ਦੀ ਪੂਰਤੀ ਦੀ ਉਡੀਕ ਲਈ ਤੁਸੀਂ ਮਾਇਕ ਤੌਰ ਤੇ ਤਿਆਰ ਰਹੋ। |

▶ ਜੇ ਤੁਹਾਡੇ ਕੋਈ ਸਵਾਲ ਹਨ ਤਾਂ ਅਪਣੇ ਸਥਾਨਕ ਡਾਇਲਿਸਸ ਯੂਨਿਟ ਦੇ ਸਟਾਫ ਨਾਲ ਗਲਬਾਤ ਕਰੋ